ਮਿਡ-ਡੇ-ਮੀਲ ਸੋਸਾਇਟੀ ਪੰਜਾਬ

ਪੰਜਾਬ ਸਿੱਖਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ ਨੰ. 0172-2210019, E-Mail : mdmpunjab@punjabeducation.gov.in

ਵੱਲ

ਅਤਿ ਜਰੂਰੀ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ.)
ਸਮੂਹ ਜਿਲ੍ਹਾ ਸਿਖਿਆ ਅਫਸਰ (ਐ.ਸਿ.)
ਪੰਜਾਬ ਰਾਜ

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./2025/314911

ਮਿਤੀ: 28/10/2025

ਵਿਸ਼ਾ:- ਸਾਲ 2025-26 ਦੀ ਤੀਜੀ ਤਿਮਾਹੀ (ਅਕਤੂਬਰ 2025 ਤੋ ਦਸੰਬਰ 2025) ਦੇ ਅਨਾਜ ਦੀ ਐਲੋਕੇਸ਼ਨ/ਵੰਡ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਫੂਡ ਕਾਰਪੋਰੇਸ਼ਨ ਆਫ ਇੰਡੀਆਂ, (ਪ੍ਰਕਿਊਰਮੈਂਟ ਸ਼ੈਕਸ਼ਨ) ਖੇਤਰੀ ਦਫਤਰ, ਪੰਜਾਬ ਵੱਲੋ ਪੱਤਰ ਨੰ. RO-PB-26.0011.0(30.0)/1/2023-Comm/138226 Dated 27/10/2025 (ਕਾਪੀ ਨੱਥੀ) ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ ਵਿੱਤੀ ਸਾਲ 2025-26 ਦੀ ਤੀਜੀ ਤਿਮਾਹੀ (ਸਮਾਂ ਅਕਤੂਬਰ 2025 ਤੋ ਦਸੰਬਰ 2025) ਲਈ ਸਮੂਹ ਜਿਲ੍ਹਿਆਂ ਨੂੰ ਕੀਤੀ ਗਈ ਅਨਾਜ ਦੀ ਵੰਡ ਉਹਨਾਂ ਵੱਲੋ ਪ੍ਰਵਾਨ ਕਰਵਾਉਣ ਉਪਰੰਤ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਆਪ ਨੂੰ ਭੇਜੀ ਜਾਂਦੀ ਹੈ।

ਨੋਟ:- ਐੱਫ.ਸੀ.ਆਈ ਵਿਭਾਗ ਵੱਲੋ ਦੱਸਿਆ ਗਿਆ ਹੈ ਕਿ ਰੂਲਾਂ ਅਨੁਸਾਰ ਇਹ ਅਨਾਜ ਦੀ ਲਿਫਟਿੰਗ ਦੀ ਆਖਰੀ ਮਿਤੀ 30/11/2025 ਹੈ।

1. ਸਾਲ 2025-26 ਦੀ ਤੀਜੀ ਤਿਮਾਹੀ ਦੌਰਾਨ ਐਲੋਕੇਟੇਡ ਅਨਾਜ ਆਪ ਨੂੰ ਭਾਰਤ ਸਰਕਾਰ ਵੱਲੋ ਪ੍ਰਾਪਤ ਹੋਈ ਵਿਦਿਆਰਥੀਆਂ ਦੀ ਗਿਣਤੀ ਅਤੇ ਆਪ ਵੱਲੋ ਪ੍ਰਾਪਤ ਹੋਈ ਮੰਗ ਨੂੰ ਮੱਦੇ ਨਜਰ ਰੱਖਦੇ ਹੋਏ ਐਲੋਕੇਟ ਕੀਤਾ ਗਿਆ ਹੈ, ਇਸ ਲਈ ਇਸ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਸਮੂਹ ਸਕੂਲਾਂ ਦੇ ਮਿਤੀ 30.09.2025 ਨੂੰ ਅਨਾਜ ਦੇ ਬਕਾਇਆ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਸਮੂਹ ਸਕੂਲਾਂ ਇਕਸਾਰਤਾ ਅਨੁਸਾਰ ਅਨਾਜ ਦੀ ਵੰਡ ਕਰਨੀ ਯਕੀਨੀ ਬਣਾਈ ਜਾਵੇ। ਅਨਾਜ ਦੀ ਵੰਡ ਕਰਨ ਸਮੇ ਤੀਜੀ ਤਿਮਾਹੀ ਦੌਰਾਨ ਬਣਦੇ ਦਿਨਾਂ ਦੀ ਗਿਣਤੀ ਅਤੇ ਬੱਫਰ ਸਟਾਕ ਨਿਯਮ ਨੂੰ ਧਿਆਨ ਵਿੱਚ ਰੱਖਿਆ ਜਾਵੇ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਲੋਕੇਟ ਕੀਤੇ ਗਏ ਅਨਾਜ ਨੂੰ

ਪੂਰਾ ਲਿਫਟ ਕੀਤਾ ਜਾਵੇ ਅਤੇ ਅਨਾਜ ਲੈਪਸ ਨਾ ਹੋਣ ਦਿੱਤਾ ਜਾਵੇ ਭਾਵੇ ਇਹ ਲਿਫਟਿੰਗ ਲੋੜ ਅਨੁਸਾਰ ਮਹੀਨਾਵਾਰ ਕੀਤੀ ਜਾ ਸਕਦੀ ਜਾ ਫਿਰ ਤਿਮਾਹੀ ਵਿੱਚ ਦੋ ਵਾਰ ਵੀ ਕੀਤੀ ਜਾ ਸਕਦੀ ਹੈ।

2. ਅਨਾਜ ਐਫ.ਸੀ.ਆਈ. ਦੇ ਗੋਦਾਮਾਂ ਤੋਂ ਚੁੱਕਣ ਉਪਰੰਤ ਸਮੇਂ ਸਿਰ ਬਿੱਲ ਪ੍ਰਾਪਤ ਕਰਕੇ ਅਨਾਜ ਦੀ ਅਦਾਇਗੀ PFMS Portal ਰਾਂਹੀ ਹੀ ਕੀਤੀ ਜਾਵੇ, ਅਦਾਇਗੀ ਉਪਰੰਤ ਸੂਚਨਾ ਤੁਰੰਤ ਮੁੱਖ ਦਫਤਰ ਨੂੰ ਭੇਜੀ ਜਾਵੇ। ਜੇਕਰ ਐਫ.ਸੀ.ਆਈ. ਵੱਲੋਂ ਸਮੇਂ ਸਿਰ ਬਿੱਲ ਨਹੀਂ ਦਿੱਤੇ ਜਾਂਦੇ ਤਾਂ ਇਸ ਸਬੰਧੀ ਸੂਚਨਾ ਵੀ ਮੁੱਖ ਦਫਤਰ ਨੂੰ ਵੀ ਭੇਜੀ ਜਾਵੇ।

3. ਪੰਜਾਬ ਰਾਜ ਵਿੱਚ ਸਕੂਲੀ ਬੱਚਿਆਂ ਲਈ ਐਫ.ਸੀ.ਆਈ. ਵੱਲੋਂ ਜਾਰੀ ਕੀਤੇ ਜਾਣ ਵਾਲੇ ਮਿਡ-ਡੇ-ਮੀਲ ਦੇ ਅਨਾਜ ਦੀਆਂ ਬੋਰੀਆਂ ਉੱਤੇ ਮਿਡ-ਡੇ-ਮੀਲ ਦਾ ਲਾਲ ਰੰਗ ਦਾ ਛਾਪਾ ਲੱਗਾ ਹੋਣਾ ਚਾਹੀਦਾ ਹੈ। ਜੇਕਰ ਬੋਰੀਆਂ ਤੇ ਛਾਪਾ ਨਹੀਂ ਲੱਗਾ ਹੈ ਤਾਂ ਐਫ.ਸੀ.ਆਈ ਵਿਭਾਗ ਨਾਲ ਸੰਪਰਕ ਕਰਕੇ ਛਾਪਾ ਲਗਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਦੇ ਨਾਲ ਹੀ ਸਮੂਹ ਸਕੂਲ ਮੁੱਖੀਆਂ/ਮਿਡ ਡੇ ਮੀਲ ਇੰਚਾਰਜਿਸ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਅਨਾਜ ਪ੍ਰਾਪਤੀ ਸਮੇ ਬੋਰੀਆਂ ਦੀ ਮਾਤਰਾ ਤੋਲ ਕੇ ਹੀ ਅਨਾਜ ਲਿਆ ਜਾਵੇ ਅਤੇ ਅਨਾਜ ਪ੍ਰਾਪਤੀ ਦੀ ਐਂਟਰੀ ਮਿਡ ਡੇ ਮੀਲ ਐਪ ਵਿੱਚ ਉਸੇ ਦਿਨ ਕਰਨੀ ਯਕੀਨੀ ਬਣਾਈ ਜਾਵੇ।

4. ਅਨਾਜ ਲੋੜ ਅਨੁਸਾਰ ਪਨਸਪ ਦੇ ਠੇਕੇਦਾਰਾਂ ਦੁਆਰਾ ਇੱਕ, ਦੋ ਜਾਂ ਤਿੰਨ ਵਾਰੀ ਵੀ ਭੇਜਿਆ ਜਾ ਸਕਦਾ ਹੈ ਤਾਂ ਜੋ ਸਕੂਲਾਂ ਵਿੱਚ ਅਨਾਜ ਦਾ ਜਿਆਦਾ ਭੰਡਾਰ ਨਾ ਹੋਵੇ।

5. ਆਪ ਨੂੰ ਲਿਖਿਆ ਜਾਂਦਾ ਹੈ ਕਿ ਬਲਾਕਾਂ ਨਾਲ, ਪਨਸਪ ਅਤੇ ਐੱਫ.ਸੀ.ਆਈ ਵਿਭਾਗ ਨਾਲ ਰਿਕੰਨਸੀਲੇਸ਼ਨ ਕੀਤੀ ਜਾਣੀ ਯਕੀਨੀ ਬਣਾਈ ਜਾਵੇ ਅਤੇ ਇਹ ਕੰਮ ਜਿਲ੍ਹਾ ਪੱਧਰ ਤੇ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਆਪਣੀ ਨਿਗਰਾਨੀ ਹੇਠ ਜਿਲ੍ਹਾ ਲੇਖਾਕਾਰ ਨਾਲ ਮਿਲ ਕੇ ਸਮੂਹ ਬਲਾਕਾਂ ਨੂੰ ਕੀਤੀ ਗਈ ਸਕੂਲਵਾਰ ਵੰਡ ਦੀ ਚੈਕਿੰਗ ਕਰਨ ਅਤੇ ਹਰੇਕ ਤਿਮਾਹੀ ਵਿੱਚ ਪਨਸਪ ਅਤੇ ਬਲਾਕਾਂ ਨਾਲ ਰਿਕੰਨਸੀਲੇਸ਼ਨ ਨੂੰ ਵੀ ਯਕੀਨੀ ਬਣਾਉਣ, ਇਸ ਦੇ ਨਾਲ ਹੀ ਬਲਾਕ ਪੱਧਰ ਤੇ ਤੈਨਾਤ ਸਹਾਇਕ ਬਲਾਕ ਮੈਨੇਜਰਜ਼/ਬਲਾਕ ਪੱਧਰ ਦੇ ਲੇਖਾਕਾਰ, ਸਮੱਗਰਾ ਸਿੱਖਿਆ ਜਾਂ ਡਾਟਾ ਐਂਟਰੀ ਅਪਰੇਟਰ, ਸਮੱਗਰਾ ਸਿੱਖਿਆ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਯਕੀਨੀ ਬਣਾਉਣ ਕਿ ਉਹਨਾਂ ਕੋਲ ਬਲਾਕ ਅਧੀਨ ਪੈਂਦੇ ਸਮੂਹ ਸਕੂਲਾਂ ਨੂੰ ਕੀਤੀ ਗਈ ਸਕੂਲਵਾਰ ਐਲੋਕੇਸ਼ਨ ਦੀ ਕਾਪੀ ਉਪਲੱਬਧ ਹੋਵੇ ਜਿਸ ਨਾਲ ਉਹ ਮਿਲਾਨ ਕਰ ਸਕਣ ਕਿ ਅਨਾਜ ਸਹੀ ਮਿਕਦਾਰ ਵਿੱਚ ਸਕੂਲ ਨੂੰ ਪੁੱਜਿਆ ਹੈ ਜਾਂ ਨਹੀ।

7. ਪਨਸਪ ਵਿਭਾਗ ਦੇ ਢੋਆ-ਢੁਆਈ ਦੇ ਬਿੱਲ ਤਸਦੀਕ ਕਰਨ ਸਮੇਂ ਹਰੇਕ ਬਲਾਕ ਤੋ ਤਸਦੀਕਸ਼ੁਦਾ ਸਰਟੀਫਿਕੇਟ ਲਿਆ ਜਾਵੇ, ਜਿਸ ਵਿੱਚ ਸਕੂਲਵਾਰ ਵੰਡੇ ਗਏ ਅਨਾਜ ਦੇ ਪ੍ਰਾਪਤ ਹੋਣ ਸਬੰਧੀ ਤਸਦੀਕ ਕੀਤਾ ਗਿਆ ਹੋਵੇ। ਬਿੱਲ ਤਸਦੀਕ ਕਰਨ ਸਮੇਂ ਕੁਝ ਸਕੂਲਾਂ ਦੀ ਅਚਨਚੇਤ ਚੈਕਿੰਗ ਕਰਕੇ ਰਿਕਾਰਡ ਤਸੱਲੀਬਖਸ਼ ਹੋਣ ਉਪਰੰਤ ਹੀ ਪਨਸਪ ਵਿਭਾਗ ਵੱਲੋ ਪ੍ਰਾਪਤ ਢੋਆ-ਢੁਆਈ ਦੇ ਬਿੱਲ ਤਸਦੀਕ ਕੀਤੇ ਜਾਣ। ਇਸ ਦੇ ਨਾਲ ਹੀ ਬਲਾਕਾਂ ਤੋ ਰਿਕੰਨਸੀਲੇਸ਼ਨ ਸਰਟੀਫਿਕੇਟ ਦੇ ਨਾਲ ਨਾਲ ਤਸਦੀਕਸ਼ੁਦਾ ਸਕੂਲਵਾਰ ਲਿਸਟ ਦੀ ਕਾਪੀ ਵੀ ਲਈ ਜਾਵੇ ਜਿਸ ਵਿੱਚ ਇਹ ਦਰਜ ਹੋਵੇ ਕਿ ਕਿਸ ਸਕੂਲ ਨੂੰ ਕਿੰਨਾ ਅਨਾਜ ਪ੍ਰਾਪਤ ਹੋਇਆ ਹੈ।

8. ਪਨਸਪ ਵਿਭਾਗ ਦੇ ਤਸਦੀਕ ਕੀਤੇ ਗਏ ਬਿੱਲ ਦੀ ਕਾਪੀ ਅਤੇ ਇਸ ਸਬੰਧੀ ਰਿਕਾਰਡ (ਬਲਾਕ ਵਾਇਜ ਤਸ਼ਦੀਕਸ਼ੁਦਾ ਸਰਟੀਫਿਕੇਟ ਅਤੇ ਸਕੂਲਵਾਰ ਅਨਾਜ ਵੰਡ ਦੀਆਂ ਲਿਸਟਾਂ ਦੀ ਤਸ਼ਦੀਕਸ਼ੁਦਾ ਕਾਪੀ) ਜਿਲ੍ਹਾ ਪੱਧਰ ਤੇ ਫਾਇਲ ਦੇ ਰੂਪ ਵਿੱਚ ਰੱਖਿਆ ਜਾਵੇ।

9. ਬਲਾਕ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਜ਼ ਆਪਣੀ ਨਿਗਰਾਨੀ ਹੇਠ ਸਹਾਇਕ ਬਲਾਕ ਮੈਨੇਜਰਜ਼ ਅਤੇ ਮਿਡ ਡੇ ਮੀਲ ਦੇ ਕੰਮ ਨੂੰ ਦੇਖ ਰਹੇ ਕਰਮਚਾਰੀਆਂ ਨਾਲ ਮਿਲ ਕੇ ਇਹ ਯਕੀਨੀ ਬਣਾਉਣ ਕਿ ਸਕੂਲਵਾਰ ਕੀਤੀ ਗਈ ਐਲੋਕੇਸ਼ਨ ਅਨੁਸਾਰ ਹੀ ਅਨਾਜ ਸਮੂਹ ਸਕੂਲਾਂ ਵਿੱਚ ਪੁੱਜਦਾ ਕੀਤਾ ਜਾ ਚੁੱਕਾ ਹੈ। ਜੇਕਰ ਕਿਸੇ ਬਲਾਕ ਦੇ ਸਕੂਲਾਂ ਵਿੱਚ ਠੇਕੇਦਾਰ ਵੱਲੋ ਐਲੋਕੇਸ਼ਨ ਅਨੁਸਾਰ ਅਨਾਜ ਨਹੀ ਵੰਡਿਆ ਜਾਂਦਾ ਤਾਂ ਇਸ ਦੀ ਸੂਚਨਾ ਲਿਖਤੀ ਰੂਪ ਵਿੱਚ ਜਿਲ੍ਹਾ ਪੱਧਰ ਨੂੰ ਦੇਣੀ ਯਕੀਨੀ ਬਣਾਈ ਜਾਵੇ ਅਤੇ ਜੇਕਰ 2 ਦਿਨਾਂ ਅੰਦਰ ਜਿਲ੍ਹਾ ਪੱਧਰ ਤੋ ਕੋਈ ਵੀ ਕਾਰਵਾਈ ਨਹੀ ਹੁੰਦੀ ਤਾਂ ਇਸ ਸਬੰਧੀ ਮੁੱਖ ਦਫਤਰ ਨੂੰ ਸਿੱਧੇ ਤੋਰ ਤੇ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ। ਤਿਮਾਹੀਵਾਰ ਮਿਲਾਨ ਪਨਸਪ ਵੱਲੋ ਵੰਡੇ ਗਏ ਅਨਾਜ ਨਾਲ ਕਰਦੇ ਹੋਏ ਤਿਮਾਹੀਵਾਰ ਰਿਕੰਨਸੀਲੇਸ਼ਨ ਕਰਨ ਸਬੰਧੀ ਸਰਟੀਫਿਕੇਟ ਜਿਲ੍ਹਾ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

10. ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਅਨਾਜ ਦੇ ਭੰਡਾਰਨ ਹਿੱਤ ਡ੍ਰਮ ਉਪਲੱਬਧ ਨਹੀ ਹਨ, ਇਸ ਲਈ ਸਕੂਲਾਂ ਤੋ ਡਰੰਮਾਂ ਸਬੰਧੀ ਪੂਰੀ ਜਾਣਕਾਰੀ ਲਈ ਜਾਵੇ ਅਤੇ ਜੇਕਰ ਕਿਸੇ ਸਕੂਲ ਨੂੰ ਡਰੰਮ ਦੇਣੇ ਬਾਕੀ ਹੋਣ ਤਾਂ ਇਸ ਸਬੰਧੀ ਮੁੱਖ ਦਫਤਰ ਨੂੰ ਮੁਕੰਮਲ ਸਕੂਲਾਂ ਦੀ ਸੂਚਨਾ ਸਮੇਤ ਸੂਚਿਤ ਕੀਤਾ ਜਾਵੇ ਤਾਂ ਜੋ ਸਕੂਲਾਂ ਨੂੰ ਡਰੰਮ ਦੇਣ ਹਿੱਤ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

11. ਉਪਰੋਕਤ ਹਦਾਇਤਾ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਜੇਕਰ ਇਹਨਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਦੇ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

12. ਇਸ ਨੂੰ ਪਰਮ ਅਗੇਤ ਸਮਝਿਆ ਜਾਵੇ।

ਜਨਰਲ ਮੈਨੇਜਰ

ਪਿ.ਅੰ.ਨੰ ਐਮ.ਡੀ.ਐਮ.ਐਸ./ਜੀ.ਐਮ./2025/314912 ਮਿਤੀ:- 28/10/2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਕੀਤਾ ਜਾਂਦਾ ਹੈ:-

(1) ਸਮੂਹ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।

(2) ਸਮੂਹ ਬੀ.ਪੀ.ਈ.ਓਜ਼ (ਜਿਲ੍ਹਾ ਦਫਤਰ ਰਾਂਹੀ)।

(3) ਸਮੂਹ ਸਹਾਇਕ ਬਲਾਕ ਮੈਨੇਜਰਜ/ਬਲਾਕ ਪੱਧਰ ਤੇ ਮਿਡ ਡੇ ਮੀਲ ਇੰਚਾਰਜ (ਜਿਲ੍ਹਾ ਦਫਤਰ ਰਾਂਹੀ)।

(4) ਸਮੂਹ ਸਕੂਲ ਮੁੱਖੀ/ਸਕੂਲ ਮਿਡ ਡੇ ਮੀਲ ਇੰਚਾਰਜ (ਬਲਾਕ ਦਫਤਰਾਂ ਰਾਂਹੀ)।

ਜਨਰਲ ਮੈਨੇਜਰ

<u>ਨੱਥੀ ਹੈ:</u>

(1) ਐੱਫ.ਸੀ.ਆਈ ਵਿਭਾਗ ਵੱਲੋ ਜਾਰੀ ਪੱਤਰ ਸਮੇਤ ਜਿਲ੍ਹਾਵਾਰ ਵੰਡ ਦੀ ਕਾਪੀ

International Year of Cooperatives 2025
Cooperatives Build a Better World

भारतीय खाद्य निगम
Food Corporation of India

No. RO-PB-26.0011.0(30.0)/1/2023-Comm/138226 **Dated: As signed**

The Divisional Manager
Divisional Office Amritsar, Bathinda, Chandigarh, Faridkot
Ferozepur, Gurdaspur, Hoshiarpur, Jalandhar, Kapurthala,
Ludhiana, Moga, Patiala, Sangrur

Subject: Allocation of foodgrains for the Pradhan Mantri Poshan Shakti Nirman Scheme (PM POSHAN) for the 3rd quarter (Oct' 2025 to Nov.' 2025) of financial year 2025-26.

Sir,

कृपया उपरोक्त विषय के क्रम में मुख्यालय से प्राप्त पत्र स.F.No. 5-1/2025-PMP-5, दिनांक 13.10.2025 एवं MoCAF&PD, तथा General Manager, Punjab Mid-day Meal Society से प्राप्त मीमो स. MDMS/GM/2025/311830 दिनांक 24.10.2025 का संलग्न पायें जो की PM Poshan के अंतर्गत वार्षिक योजना 2025-2026, तीसरी तिमाही (अक्टूबर, 2025 से दिसंबर, 2025) के खाद्यान (फूड ग्रेन्स) के आवंटन सम्बन्धी है जिसकी छायाप्राप्ति आपको अगली उचित कार्यवाही हेतु प्रस्तुत है।

The last date of lifting is 30.11.2025.

भवदीय

Digitally signed by
Rahul Chandan
Date: 27-10-2025
15:30:36

सहा. महाप्रबंधक (वाणिज्य)
कृते उपमहाप्रबंधक (वाणिज्य)

प्रतिलिपि:

1. महाप्रबंधक, पंजाब सरकार, एम डी एम, पंजाब स्कूल शिक्षा भवन-ई ब्लाक, पांचवी मंजिल अजीतगढ़, मोहाली (पंजाब) को उनके उपरोक्त संदर्भित पत्र दिनांक 24.10.2025 के सन्दर्भ में सूचनार्थ।
2. जिला शिक्षा अधिकारी, यूटी चंडीगढ़, सेक्टर-19, चंडीगढ़, पंजाब
3. उपमहाप्रबंधक (बिक्री), भाखानि, मुख्यालय, नई दिल्ली को सूचनार्थ।
4. सहा. महाप्रबन्धक (बिक्री), भाखानि, आंचलिक कार्यालय (उत्तर) नॉएडा, उ० प्र० को सूचनार्थ।

COMMERCIAL DIVISION
FOOD CORPORATION OF INDIA
BAYS NO 34-38, SECTOR – 31-A, CHANDIGARH – 160047
EMAIL ID – agmcomlpb.fci@gov.in

S.N.	Name of District	Allocation for 3rd Quarter (October 2025 to December 2025) - PM Poshan PUNJAB (In MT's)											
		Balvatika			Primary			Upper Primary			Total		
		Rice	Wheat	Total	Rice	Wheat	Total	Rice	Wheat	Total	Rice	Wheat	Total
1	AMRITSAR	3.00	5.00	8.00	150.00	130.00	280.00	130.00	80.00	210.00	283.00	215.00	498.00
2	BARNALA	4.00	6.00	10.00	39.00	39.00	78.00	42.00	40.00	82.00	85.00	85.00	170.00
3	BATHINDA	5.00	6.00	11.00	116.00	116.00	232.00	105.00	174.00	279.00	226.00	296.00	522.00
4	FARIDKOT	4.00	6.00	10.00	50.00	50.00	100.00	48.00	44.00	92.00	102.00	100.00	202.00
5	FATEHGARH SAHIB	2.00	3.00	5.00	80.00	80.00	160.00	58.00	56.00	114.00	140.00	139.00	279.00
6	FAZILKA	5.00	7.00	12.00	140.00	140.00	280.00	105.00	95.00	200.00	250.00	242.00	492.00
7	FEROZEPUR	5.00	7.00	12.00	110.00	110.00	220.00	110.00	130.00	240.00	225.00	247.00	472.00
8	GURDASPUR	19.00	18.00	37.00	85.00	80.20	165.20	78.00	70.00	148.00	182.00	168.20	350.20
9	PATHANKOT	4.00	4.00	8.00	35.00	35.00	70.00	37.00	35.00	72.00	76.00	74.00	150.00
10	HOSHIARPUR	6.00	7.00	13.00	145.00	145.00	290.00	110.00	85.00	195.00	261.00	237.00	498.00
11	JALANDHAR	5.00	6.00	11.00	110.00	130.00	240.00	111.00	90.00	201.00	226.00	226.00	452.00
12	KAPURTHALA	10.00	10.00	20.00	55.00	55.00	110.00	45.00	45.00	90.00	110.00	110.00	220.00
13	LUDHIANA	12.00	10.00	22.00	173.00	217.00	390.00	185.00	145.00	330.00	370.00	372.00	742.00
14	MANSA	0.00	0.00	0.00	50.00	50.00	100.00	50.00	50.00	100.00	100.00	100.00	200.00
15	MOGA	4.00	7.00	11.00	60.00	60.00	120.00	60.00	65.00	125.00	124.00	132.00	256.00
16	MUKTSAR	3.00	4.00	7.00	80.00	80.00	160.00	68.00	102.00	170.00	151.00	186.00	337.00
17	S.B.S. NAGAR	4.00	4.00	8.00	35.00	35.00	70.00	38.00	35.00	73.00	77.00	74.00	151.00
18	PATIALA	4.00	7.00	11.00	145.00	144.00	289.00	140.00	120.00	260.00	289.00	271.00	560.00
19	ROOPNAGAR	3.00	7.00	10.00	53.00	57.00	110.00	65.00	60.00	125.00	121.00	124.00	245.00
20	SANGRUR	4.00	5.00	9.00	68.00	68.00	136.00	85.00	65.00	150.00	157.00	138.00	295.00
21	MELERKOTA	2.00	2.00	4.00	25.00	25.00	50.00	28.00	20.00	48.00	55.00	47.00	102.00
22	SAS NAGAR	10.00	12.00	22.00	60.00	185.00	245.00	95.00	110.00	205.00	165.00	307.00	472.00
23	TARN TARAN	12.76	20.02	32.78	109.04	51.80	160.84	114.66	93.71	208.37	236.46	165.53	401.99
	TOTAL	130.76	163.02	293.78	1973.04	2083.00	4056.04	1907.66	1809.71	3717.37	4011.46	4055.73	8067.19